# ਕੈਪਟਨ ਨੇ ਪੰਜਾਬ 'ਚ ਆਏ ਹੜ੍ਹਾਂ ਬਾਰੇ ਠੋਸ ਸਟੈਂਡ ਲੈ ਕੇ ਅਕਾਲੀ ਦਲ ਨੂੰ ਦਿੱਤੀ ਸਿਆਸੀ ਠਿੱਬੀ

### ☛ ਕਿਹਾ ਪੰਜਾਬ 'ਚ ਹੜ੍ਹਾਂ ਨਾਲ ਤਬਾਹੀ ਦਾ ਮੁੱਖ ਕਾਰਨ ਹਰਿਆਣਾ ਵੱਲੋਂ ਬਣਾਈ ਹਾਂਸੀ-ਬੁਟਾਣਾ ਨਹਿਰ
### ☛ ਅਮਰਿੰਦਰ ਦੀ ਸਰਗਰਮੀ ਬਾਅਦ ਸੁਖਬੀਰ ਤੇ ਢੀਂਡਸਾ ਨੇ ਰਣਨੀਤੀ ਸਿਰਜਣ ਲਈ ਕੀਤੀ ਗੁਪਤ ਮੁਲਾਕਾਤ

ਚੰਡੀਗੜ੍ਹ-ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ 'ਚ ਹੜ੍ਹਾਂ ਨਾਲ ਹੋਏ ਨੁਕਸਾਨ ਲਈ ਮੁੱਖ ਤੌਰ 'ਤੇ ਹਰਿਆਣਾ ਵਲੋਂ ਬਣਾਈ ਹਾਂਸੀ-ਬੁਟਾਣਾ ਨਹਿਰ ਨੂੰ ਜ਼ਿੰਮੇਵਾਰ ਠਹਿਰਾ ਕੇ ਅਕਾਲੀ ਦਲ ਨੂੰ ਜਿੱਥੇ ਸਿਆਸੀ ਠਿੱਬੀ ਦਿੱਤੀ ਹੈ, ਉੱਥੇ ਹਰਿਆਣਾ ਸਰਕਾਰ ਨੂੰ ਵੀ ਪਿੱਸੂ ਪਾ ਦਿੱਤੇ ਹਨ। ਇਕ ਪ੍ਰੈੱਸ ਕਾਨਫ਼ਰੰਸ ਵਿਚ ਉਨ੍ਹਾਂ ਨਾਲ ਲੱਗਭੱਗ ਇਕ ਦਰਜਨ ਸਾਬਕਾ ਅਤੇ ਮੌਜੂਦਾ ਵਿਧਾਇਕਾਂ ਤੋਂ ਇਲਾਵਾ ਤਿੰਨ ਦਰਜਨ ਵਰਕਰ ਤੇ ਆਗੂ ਵੀ ਸਨ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਨੇ ਹਾਂਸੀ-ਬੁਟਾਣਾ ਨਹਿਰ ਦੀ ਉਸਾਰੀ ਗ਼ੈਰ-ਕਾਨੂੰਨੀ ਕੀਤੀ ਹੈ। ਇਸ ਦੀ ਉਸਾਰੀ ਹੋਣ ਨਾਲ ਘੱਗਰ ਦੇ ਪਾਣੀ ਦਾ ਕੁਦਰਤੀ ਵਹਾਅ ਰੁਕ ਗਿਆ, ਜੋ ਪੰਜਾਬ 'ਚ ਹੜ੍ਹਾਂ ਦਾ ਕਾਰਨ ਬਣਿਆ। ਘੱਗਰ ਦਰਿਆ 'ਚ ਹੜ੍ਹ ਪਹਿਲਾਂ ਵੀ ਆਉਂਦੇ ਰਹੇ ਹਨ, ਪਰ ਪਿਛਲੇ 35 ਸਾਲਾਂ ਵਿਚ ਇਸ ਤਰ੍ਹਾਂ ਦਾ ਨੁਕਸਾਨ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਜੇ ਹਾਂਸੀ-ਬੁਟਾਣਾ ਨਹਿਰ ਇਸ ਤਰ੍ਹਾਂ ਹੀ ਰਹਿੰਦੀ ਹੈ ਤਾਂ ਘੱਗਰ ਦਾ ਵਹਾਅ ਰੁਕਣ ਕਾਰਨ ਹੜ੍ਹ ਹਮੇਸ਼ਾ ਆਉਂਦੇ ਰਹਿਣਗੇ। ਜਦ ਪੰਜਾਬ ਦੇ ਪਾਣੀਆਂ ਦਾ ਮਾਮਲਾ ਸੁਪਰੀਮ ਕੋਰਟ ਵਿਚ ਸੀ ਅਤੇ ਇਰਾਡੀ ਕਮਿਸ਼ਨ ਨੇ ਵੀ ਆਪਣੀ ਅੰਤਮ ਰੀਪੋਰਟ ਨਹੀਂ ਦਿੱਤੀ, ਫਿਰ ਹਰਿਆਣਾ ਦਾ ਕੀ ਹੱਕ ਬਣਦਾ ਸੀ ਕਿ ਉਸ ਨੇ ਬਿਨਾਂ ਪੰਜਾਬ ਦੀ ਸਹਿਮਤੀ ਦੇ ਨਹਿਰ ਬਣਾ ਲਈ।

ਹਰਿਆਣਾ ਅਤੇ ਰਾਜਸਥਾਨ ਤੋਂ ਦਰਿਆਈ ਪਾਣੀਆਂ ਦੀ ਰਾਇਲਟੀ ਦੇ ਮੁੱਦੇ 'ਤੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਰਾਇਲਟੀ ਦਾ ਕੋਈ ਮੁੱਦਾ ਨਹੀਂ। ਪੰਜਾਬ ਕੋਲ ਤਾਂ ਫਾਲਤੂ ਪਾਣੀ ਹੈ ਹੀ ਨਹੀਂ। ਪੰਜਾਬ ਵਿਚ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਹੜ੍ਹਾਂ ਨਾਲ 2300 ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ ਹੈ। ਸਰਕਾਰ ਨੂੰ ਸਹੀ ਤੱਥ ਇਕੱਠੇ ਕਰ ਕੇ ਇਕ ਰੀਪੋਰਟ ਤਿਆਰ ਕਰਨੀ ਚਾਹੀਦੀ ਹੈ ਤੇ ਹੋਏ ਨੁਕਸਾਨ ਦਾ ਵਿਸ਼ੇਸ਼ ਮੁਆਵਜ਼ਾ ਮੰਗਣਾ ਚਾਹੀਦਾ ਹੈ। ਪੰਜਾਬ ਸਰਕਾਰ ਰੀਪੋਰਟ ਤਿਆਰ ਕਰ ਕੇ ਕੇਂਦਰ ਨੂੰ ਭੇਜੇ। ਅਸੀਂ ਖ਼ੁਦ ਪ੍ਰਧਾਨ ਮੰਤਰੀ ਕੋਲ ਜਾ ਕੇ ਇਸ ਨੂੰ ਪਾਸ ਕਰਾਉਣ ਲਈ ਜ਼ੋਰ ਪਾਵਾਂਗੇ।

ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ ਵਿਰੁੱਧ ਸੀ.ਬੀ.ਆਈ ਵਲੋਂ ਚਾਰਜਸ਼ੀਟ ਦਾਖ਼ਲ ਕਰਨ ਦਾ ਫ਼ੈਸਲਾ ਬਿਲਕੁਲ ਸਹੀ ਹੈ, ਕਿਉਂਕਿ ਦਿਹਾਤੀ ਵਿਕਾਸ ਅਤੇ ਪੰਚਾਇਤ ਮਹਿਕਮੇ 'ਚ ਮੁਲਾਜ਼ਮਾਂ ਦੀ ਭਰਤੀ ਕਰਨ ਲਈ ਮੋਟੀਆਂ ਰਕਮਾਂ ਲਈਆਂ ਗਈਆਂ ਸਨ। ਸ. ਕਾਹਲੋਂ ਪਿੱਛਲੀ ਅਕਾਲੀ ਸਰਕਾਰ 'ਚ ਦਿਹਾਤੀ ਵਿਕਾਸ ਮੰਤਰੀ ਸਨ। ਮਹਿਕਮੇ 'ਚ ਭਰਤੀ ਸਮੇਂ ਹੋਏ ਭ੍ਰਿਸ਼ਟਾਚਾਰ ਦੀਆਂ ਅਣਗਿਣਤ ਸ਼ਿਕਾਇਤਾਂ ਮਿਲੀਆਂ ਸਨ। ਇਸ ਕਾਰਨ ਉਨ੍ਹਾਂ ਦੀ ਸਰਕਾਰ ਨੇ ਇਹ ਮਾਮਲਾ ਸੀ.ਬੀ.ਆਈ. ਦੇ ਹਵਾਲੇ ਕਰ ਦਿੱਤਾ ਸੀ। ਪੰਜਾਬ ਦੇ ਖੇਤੀ ਮੰਤਰੀ ਸੁੱਚਾ ਸਿੰਘ ਲੰਗਾਹ ਦੇ ਸਿਆਸੀ ਸਕੱਤਰ ਵਲੋਂ ਖ਼ੁਦਕੁਸ਼ੀ ਕਰਨ ਦੇ ਮਾਮਲੇ 'ਤੇ ਉਨ੍ਹਾਂ ਕਿਹਾ ਕਿ ਇਸ ਮੰਤਰੀ ਵਿਰੁੱਧ ਵੀ ਕਾਰਵਾਈ ਹੋਣੀ ਚਾਹੀਦੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਖੇਤੀ ਮੰਤਰੀ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਚੰਡੀਗੜ੍ਹ ਵਿਖੇ ਪ੍ਰੈੱਸ ਕਾਨਫਰੰਸ ਤੋਂ ਬਾਅਦ ਦੀ ਸਰਗਰਮੀ ਕਾਰਨ ਅਕਾਲੀ ਲੀਡਰਸ਼ਿਪ 'ਚ ਭਾਰੀ ਹਿਲਜੁਲ ਹੈ।



ਸੂਤਰਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਅਮਰਿੰਦਰ ਵੱਲੋਂ ਪ੍ਰਗਟਾਏ ਗਏ ਵਿਚਾਰਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਇਸ ਦੇ ਪ੍ਰਭਾਵ ਨੂੰ ਠੱਲ੍ਹਣ ਲਈ ਵਿਚਾਰਾਂ ਸ਼ੁਰੂ ਕਰ ਦਿੱਤੀਆਂ ਹਨ। ਜਾਣਕਾਰੀ ਅਨੁਸਾਰ ਸੁਖਬੀਰ ਨੇ ਚੰਡੀਗੜ੍ਹ ਵਿਖੇ ਪਾਰਟੀ ਦੇ ਸਕੱਤਰ ਜਨਰਲ ਤੇ ਰਾਜ ਸਭਾ ਮੈਂਬਰ ਸੁਖਬੀਰ ਸਿੰਘ ਢੀਂਡਸਾ ਦੇ ਘਰ ਜਾ ਕੇ ਉਨ੍ਹਾਂ ਨਾਲ ਬੈਠਕ ਕੀਤੀ।

ਭਾਵੇਂ ਇਸ ਬੈਠਕ 'ਚ ਹੋਈ ਚਰਚਾ ਦੇ ਵੇਰਵਿਆਂ ਬਾਰੇ ਵਿਸਥਾਰ 'ਚ ਜਾਣਕਾਰੀ ਪ੍ਰਾਪਤ ਨਹੀਂ ਹੋਈ, ਪਰ ਭਰੋਸੇਯੋਗ ਸੂਤਰਾਂ ਅਨੁਸਾਰ ਅਮਰਿੰਦਰ ਸਿੰਘ ਦੇ ਮੁਕਾਬਲੇ ਦੀ ਰਣਨੀਤੀ 'ਤੇ ਚਰਚਾ ਕੀਤੀ ਗਈ। ਅਮਰਿੰਦਰ ਸਿੰਘ ਵੱਲੋਂ ਆਪਣੀ ਹੀ ਪਾਰਟੀ ਦੀ ਹਰਿਆਣਾ ਸਰਕਾਰ ਨੂੰ ਹੜ੍ਹਾਂ ਲਈ ਨਿਸ਼ਾਨਾ ਬਣਾਏ ਜਾਣ ਦੀ ਅਕਾਲੀ ਹਲਕਿਆਂ 'ਚ ਵੀ ਖ਼ੂਬ ਚਰਚਾ ਹੈ ਤੇ ਕਈ ਸੀਨੀਅਰ ਆਗੂ ਵੀ ਅੰਦਰਖਾਤੇ ਅਮਰਿੰਦਰ ਦੀ ਉਸ ਵੱਲੋਂ ਦ੍ਰਿੜ੍ਹਤਾ ਨਾਲ ਪ੍ਰਗਟਾਏ ਗਏ ਪੰਜਾਬ ਪੱਖੀ ਵਿਚਾਰਾਂ ਦੀ ਸ਼ਲਾਘਾ ਕਰ ਰਹੇ ਹਨ। ਅਮਰਿੰਦਰ ਦੇ ਵਿਚਾਰਾਂ ਦਾ ਪੰਜਾਬ ਦੇ ਆਮ ਲੋਕਾਂ 'ਤੇ ਵੀ ਗਹਿਰਾ ਪ੍ਰਭਾਵ ਪੈਣ ਦੀ ਸੰਭਾਵਨਾ ਹੈ, ਜਿਸ ਕਾਰਨ ਅਕਾਲੀ ਲੀਡਰਸ਼ਿਪ ਦੀ ਚਿੰਤਾ ਇੱਕਦਮ ਵੱਧ ਗਈ ਹੈ।

# ਕੇ. ਪੀ. ਤੇ ਅਮਰਿੰਦਰ ਵਿਚਾਲੇ ਬੈਠਕ ਦੀ ਪੰਜਾਬ ਕਾਂਗਰਸ 'ਚ ਜ਼ੋਰਦਾਰ ਚਰਚਾ

### ✪ ਦੋਵਾਂ ਆਗੂਆਂ 'ਚ ਦੂਰੀਆਂ ਘੱਟ ਹੋਈਆਂ - ਅਸ਼ਵਨੀ ਸੇਖੜੀ

ਚੰਡੀਗੜ੍ਹ-ਪੰਜਾਬ ਕਾਂਗਰਸ ਦੇ ਪ੍ਰਧਾਨ ਮਹਿੰਦਰ ਸਿੰਘ ਕੇ. ਪੀ. ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਚਕਾਰ ਹਾਲ ਹੀ 'ਚ ਹੋਈ ਇੱਕ ਬੈਠਕ ਅੱਜ-ਕੱਲ੍ਹ ਪ੍ਰਦੇਸ਼ ਕਾਂਗਰਸ 'ਚ ਜ਼ੋਰਦਾਰ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਇਹ ਬੈਠਕ ਕੁਝ ਦਿਨ ਪਹਿਲਾਂ ਸਾਬਕਾ ਕਾਂਗਰਸ ਵਿਧਾਇਕ ਅਰਵਿੰਦ ਖੰਨਾ ਦੇ ਨਿਵਾਸ 'ਤੇ ਹੋਈ। ਸੂਤਰਾਂ ਅਨੁਸਾਰ ਦੋਹਾਂ ਨੇਤਾਵਾਂ 'ਚ ਪ੍ਰਦੇਸ਼ ਦੇ ਮੌਜੂਦਾ ਰਾਜਨੀਤਕ ਹਾਲਾਤ 'ਤੇ ਚਰਚਾ ਹੋਈ। ਬੈਠਕ 'ਚ ਪ੍ਰਦੇਸ਼ ਕਾਂਗਰਸ ਦੇ ਮੁੱਖ ਬੁਲਾਰੇ ਅਸ਼ਵਨੀ ਸੇਖੜੀ ਵੀ ਮੌਜੂਦ ਸਨ। ਸੇਖੜੀ ਦਾ ਕਹਿਣਾ ਹੈ ਕਿ ਦੋਵਾਂ ਆਗੂਆਂ ਵਿੱਚ ਇਹ ਮੁਲਾਕਾਤ ਉਨ੍ਹਾਂ ਦੀ ਪਹਿਲਕਦਮੀ ਨਾਲ ਹੋਈ। ਅਸਲ 'ਚ ਸੇਖੜੀ ਨੇ ਇਹ ਪਹਿਲਕਦਮੀ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਦੇ ਕਹਿਣ 'ਤੇ ਹੀ ਕੀਤੀ ਸੀ। ਸੇਖੜੀ ਅਨੁਸਾਰ ਹਾਈਕਮਾਨ ਪ੍ਰਦੇਸ਼ ਕਾਂਗਰਸ 'ਚ ਲਗਾਤਾਰ ਚੱਲ ਰਹੀ ਖਾਨਾਜੰਗੀ ਤੋਂ ਕਾਫੀ ਚਿੰਤਤ ਹੈ। ਇਸ ਬੈਠਕ ਨਾਲ ਦੋਹਾਂ ਆਗੂਆਂ ਦੇ ਵਿੱਚ ਗਲਤਫਹਿਮੀਆਂ ਘੱਟ ਹੋਣ 'ਚ ਸਹਾਇਤਾ ਮਿਲ ਸਕਦੀ ਹੈ।ਦੂਜੇ ਪਾਸੇ ਅਮਰਿੰਦਰ ਦੇ ਨਜ਼ਦੀਕੀ ਸੂਤਰਾਂ ਅਨੁਸਾਰ ਪ੍ਰਦੇਸ਼ ਕਾਂਗਰਸ ਦੇ ਦੋਵਾਂ ਨੇਤਾਵਾਂ 'ਚ ਬੈਠਕ ਤਾਂ ਹੋਈ ਹੈ, ਪਰ ਇਸ 'ਚ ਗੱਲਬਾਤ ਸਿਰਫ਼ ਰਸਮੀ ਹੀ ਸੀ। ਕੇ. ਪੀ. ਅਮਰਿੰਦਰ ਦੇ ਨਾਲ ਬੈਠ ਕੇ ਚਾਹ ਪੀਣ ਆਏ ਸਨ ਤੇ ਚਾਹ ਪੀ ਕੇ ਚਲੇ ਗਏ। ਯਾਦ ਰਹੇ ਕਿ ਬੀਤੇ ਲੰਬੇ ਸਮੇਂ ਤੋਂ ਪ੍ਰਦੇਸ਼ ਕਾਂਗਰਸ ਧੜੇਬਾਜ਼ੀ ਦਾ ਸ਼ਿਕਾਰ ਹੈ। ਇੱਕ ਧੜਾ ਅਮਰਿੰਦਰ ਸਮਰੱਥਕ ਹੈ, ਜਦ ਕਿ ਦੂਸਰਾ ਕੇ.ਪੀ. ਭੱਠਲ ਦੀ ਅਗਵਾਈ 'ਚ ਵਿਸ਼ਵਾਸ ਰੱਖਦਾ ਹੈ। ਇਨ੍ਹਾਂ ਦੋਵਾਂ ਧੜਿਆਂ 'ਚ ਜ਼ਬਰਦਸਤ ਠੰਡੀ ਜੰਗ ਚੱਲਦੀ ਰਹਿੰਦੀ ਹੈ, ਜਿਸ ਦੇ ਚੱਲਦੇ ਪੰਜਾਬ ਕਾਂਗਰਸ ਕੋਈ ਵੀ ਪ੍ਰਭਾਵਸ਼ਾਲੀ ਪ੍ਰੋਗਰਾਮ ਚਲਾਉਣ 'ਚ ਅਸਮਰੱਥ ਹੈ। ਪੰਜਾਬ ਕਾਂਗਰਸ ਦੇ ਜੱਥੇਬੰਦਕ ਚੋਣ ਦੀ ਪ੍ਰਕਿਰਿਆ ਪੂਰੇ ਜ਼ੋਰ 'ਤੇ ਹੈ, ਜੋ ਇਸ ਮਹੀਨੇ ਦੇ ਅੰਤ ਤੱਕ ਪੂਰੀ ਹੋ ਜਾਣ ਦੀ ਆਸ ਹੈ। ਅਮਰਿੰਦਰ ਸਮਰਥਕਾਂ ਦਾ ਮੰਨਣਾ ਹੈ





ਕਿ ਸਾਬਕਾ ਮੁੱਖ ਮੰਤਰੀ ਨੂੰ ਹੀ ਪੰਜਾਬ ਕਾਂਗਰਸ ਦਾ ਨਵਾਂ ਪ੍ਰਧਾਨ ਚੁਣਿਆ ਜਾਏਗਾ ਜਦ ਕਿ ਕੇ. ਪੀ.-ਭੱਠਲ ਦਾ ਮੰਨਣਾ ਹੈ ਕਿ ਇਹ ਸਿਹਰਾ ਕਿਸੇ ਹੋਰ ਦੇ ਸਿਰ ਬੰਨ੍ਹਿਆ ਜਾਣਾ ਚਾਹੀਦਾ ਹੈ। ਇਸ ਦੌਰਾਨ ਪਤਾ ਲੱਗਿਆ ਕਿ ਪ੍ਰਦੇਸ਼ ਕਾਂਗਰਸ ਦੇ ਨਵੇਂ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਲਈ ਪਾਰਟੀ ਦੀ ਇੱਕ ਬੈਠਕ ਪਾਰਟੀ ਹੈੱਡਕੁਆਟਰ 'ਚ 24 ਤੇ 25 ਜੁਲਾਈ ਨੂੰ ਆਯੋਜਿਤ ਕੀਤੀ ਜਾ ਰਹੀ ਹੈ, ਪਰ ਇਸ ਬੈਠਕ 'ਚ ਚੋਣਾਂ ਦੇ ਸਥਾਨ 'ਤੇ ਪ੍ਰਦੇਸ਼ ਕਾਂਗਰਸ ਦੇ ਨਵੇਂ ਅਹੁਦੇਦਾਰਾਂ ਦੀ ਚੋਣ ਦੇ ਸਭ ਅਧਿਕਾਰ ਪਾਰਟੀ ਦੀ ਰਾਸ਼ਟਰੀ ਪ੍ਰਧਾਨ ਸੋਨੀਆ ਗਾਂਧੀ ਨੂੰ ਦੇ ਦਿੱਤੇ ਜਾਣਗੇ।


ਸਾਰੀਆਂ ਮਨੁੱਖੀ ਤਕਲੀਫਾਂ ਦਾ ਦਾਰੂ

ਦੇਸੀ ਦਵਾਖਾਨਾ ਸਾਊਥਾਲ


Vitiligo Before Treatment


After Treatment

ਹਰਬਲ ਸਕਿਨ ਕਲੀਨਿਕ :

ਅਗਰ ਤੁਸੀਂ ਚਮੜੀ ਦੇ ਕਿਸੇ ਵੀ ਭਿਆਨਕ ਰੋਗ ਜਿਵੇਂ: ਐਗਜ਼ੀਮਾ, ਸੋਰਾਈਸਿਸ, ਫੁਲਵਿਹਰੀ, ਅਲਰਜ਼ੀ, ਦਾਗ,ਕਿਲ, ਮੁਹਾਸੇ, ਛਾਈਆਂ, ਦਾਦ–ਖੁਜਲੀ, ਚੰਬਲ, ਫੋੜ੍ਹਾ–ਫਿੰਸੀ ਤੋਂ ਪੀੜਤ ਹੋ ਤਾਂ ਸਾਡੇ ਮਾਹਰ ਕੰਸਲਟੈਂਟ ਨੂੰ ਮਿਲਣ ਲਈ ਅੱਜ ਹੀ ਫੋਨ ਕਰੋ।


Psoriasis Erythroderma Before Treatment


After 6 weeks of Treatment

ਮਰਦਾਵੀਂ ਕਮਜ਼ੋਰੀ :

ਜਿਸ ਨਾਲ ਤੁਹਾਡਾ ਗ੍ਰਹਿਸਥੀ ਜੀਵਨ ਭੰਗ ਹੁੰਦਾ ਹੈ ਜਾਂ ਕੋਈ ਵੀ ਗੁਪਤ ਅੰਗ ਸਮੱਸਿਆ ਤੁਹਾਡੀ ਪ੍ਰੇਸ਼ਾਨੀ ਦਾ ਕਾਰਨ ਹੈ ਤਾਂ ਸਾਡੇ ਨਾਲ ਸੰਪਰਕ ਜ਼ਰੂਰ ਕਰ ਲਵੋ।

*ਐਵੇਂ ਸ਼ਰਮਿੰਦਗੀ ਵਿੱਚ ਆਪਣਾ ਜੀਵਨ ਰਸ ਖਰਾਬ ਨਾ ਕਰੋ ।*

**HERBAL AID HEALTH CENTRE**
10 PARK AVENUE, SOUTHALL, MIDDLESEX, UB1 3AQ.
TEL: 020 8843 0330, MOB: 07815 419 103

ਔਰਤਾਂ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਗੁਪਤ ਅੰਗ ਸਮੱਸਿਆਵਾਂ ਜਾਂ ਗੁਪਤ ਬਿਮਾਰੀਆਂ ਵਾਸਤੇ ਸਾਡੇ 20 ਸਾਲਾਂ ਦੇ ਤਜ਼ਰਬੇਕਾਰ ਕੰਸਲਟੈਂਟ ਨੂੰ ਸੰਪਰਕ ਕਰਨ ਲਈ ਫੋਨ ਕਰੋ।